## Public Fertility Care (ਪਬਲਿਕ ਫਰਟੀਲਿਟੀ ਕੇਅਰ)

Public Fertility Care ਪਹਿਲਾਂ ਨਾਲੋਂ ਵਧੇਰੇ ਵਿਕਟੋਰੀਆ ਵਾਸੀਆਂ ਲਈ ਮਾਤਾ-ਪਿਤਾ ਬਣਨਾ ਸੰਭਵ ਬਣਾਉਂਦੀ ਹੈ, ਆਪਣੇ ਜੀਪੀ ਨੂੰ ਰੈਫ਼ਰਲ ਦੇਣ ਲਈ ਕਹੋ।

ਹੁਣ ਤੱਕ, ਪਰਿਵਾਰ ਬਣਾਉਣ ਦੀ ਕੋਸ਼ਿਸ਼ ਕਰਨ ਦੀ ਇੱਛਾ ਰੱਖਣ ਵਾਲੇ ਬਹੁਤ ਸਾਰੇ ਵਿਕਟੋਰੀਆ ਵਾਸੀਆਂ ਲਈ ਜਣਨ ਸੇਵਾਵਾਂ ਪਹੁੰਚ ਤੋਂ ਬਾਹਰ ਰਹੀਆਂ ਹਨ। Public Fertility Care ਜਣਨ ਸਮਰੱਥਾ ਦੀਆਂ ਜਾਂਚਾਂ ਅਤੇ ਇਲਾਜ - ਜਿਵੇਂ ਕਿ IVF - ਨੂੰ ਵਧੇਰੇ ਵਿਕਟੋਰੀਆ ਵਾਸੀਆਂ ਲਈ ਸਸਤਾ ਅਤੇ ਪਹੁੰਚ ਕਰਨ ਲਈ ਆਸਾਨ ਬਣਾਉਣ ਲਈ ਉਪਲਬਧ ਹੈ।

Public Fertility Care ਦੀ ਸਹੂਲਤ ਲੈਣ ਲਈ, ਰੈਫ਼ਰਲ ਲੈਣ ਬਾਰੇ ਆਪਣੇ ਜੀਪੀ ਜਾਂ ਸੰਬੰਧਿਤ ਮਾਹਰ ਨਾਲ ਗੱਲ ਕਰੋ। ਇਲਾਜ ਦੀ ਲਾਗਤ ਮੁਫ਼ਤ ਹੋਵੇਗੀ, ਪਰ ਜੇਕਰ ਲੋੜ ਹੋਵੇ ਤਾਂ ਦਵਾਈਆਂ ਅਤੇ ਮਾਹਰ ਟੈਸਟਾਂ ਲਈ ਤੁਹਾਨੂੰ ਕੁੱਝ ਖ਼ਰਚਾ ਆਪ ਭਰਨਾ ਪੈ ਸਕਦਾ ਹੈ।

ਇਹ ਸੇਵਾ ਤੁਹਾਡੀ ਸਹਾਇਤਾ ਕਰ ਸਕਦੀ ਹੈ ਜੇਕਰ:

- ਤੁਹਾਨੂੰ ਜਣਨ ਸਹਾਇਤਾ ਦੀ ਲੋੜ ਹੈ ਪਰ ਇਹ ਵਿੱਤੀ ਤੌਰ 'ਤੇ ਤੁਹਾਡੀ ਪਹੁੰਚ ਤੋਂ ਬਾਹਰ ਹੈ
- ਤੁਸੀਂ ਵਿਕਟੋਰੀਆ ਦੇ ਪੇਂਡੂ ਅਤੇ ਦਿਹਾਤੀ ਖੇਤਰਾਂ ਵਿੱਚ ਰਹਿੰਦੇ ਹੋ
- ਤੁਹਾਨੂੰ ਡੋਨਰ ਸੇਵਾਵਾਂ ਜਾਂ ਪਰਉਪਕਾਰੀ ਸਰੋਗੇਸੀ ਸਹਾਇਤਾ ਦੀ ਲੋੜ ਹੈ, ਜਿਵੇਂ ਕਿ LGBTIQA+ ਅਤੇ ਸਿੰਗਲ ਲੋਕ
- ਤੁਹਾਨੂੰ ਡਾਕਟਰੀ ਇਲਾਜ ਦੇ ਕਾਰਨ ਜਣਨ-ਸ਼ਕਤੀ ਨੂੰ ਸੰਭਾਲਨ ਦੀ ਲੋੜ ਹੈ, ਜਿਵੇਂ ਕਿ ਕੈਂਸਰ ਵਾਲੇ ਲੋਕ ਅਤੇ ਲਿੰਗ ਬਦਲੀਕਰਨ ਦਾ ਇਲਾਜ ਕਰਵਾ ਰਹੇ ਲੋਕ
- ਤੁਹਾਨੂੰ ਜੈਨੇਟਿਕ ਟੈਸਟਿੰਗ ਦੀ ਲੋੜ ਹੈ ਕਿਉਂਕਿ ਤੁਸੀਂ ਅਜਿਹੀਆਂ ਪੁਸ਼ਟੀ ਹੋ ਚੁੱਕੀਆਂ ਡਾਕਟਰੀ ਸਮੱਸਿਆਵਾਂ ਹਨ ਜੋ ਤੁਹਾਡੇ ਬੱਚੇ ਦੀ ਜ਼ਿੰਦਗੀ ਲਈ ਖ਼ਤਰਾ ਪੈਦਾ ਕਰ ਸਕਦੀਆਂ ਹਨ।

### ਯੋਗਤਾ

Public Fertility Care ਲਈ ਯੋਗ ਹੋਣ ਲਈ, ਲਾਜ਼ਮੀ ਤੌਰ 'ਤੇ:

- ਤੁਹਾਨੂੰ ਵਿਕਟੋਰੀਆ ਦੇ ਮੌਜੂਦਾ ਨਿਵਾਸੀ ਹੋਣਾ ਚਾਹੀਦਾ ਹੈ
- ਤੁਹਾਡੇ ਕੋਲ ਮੈਡੀਕੇਅਰ ਕਾਰਡ ਹੋਣਾ ਚਾਹੀਦਾ ਹੈ
- ਤੁਹਾਡੇ ਕੋਲ ਜੀਪੀ ਜਾਂ ਕਿਸੇ ਮਾਹਰ ਤੋਂ ਰੈਫ਼ਰਲ ਹੋਣਾ ਚਾਹੀਦਾ ਹੈ।

ਕਲੀਨਿਕਲ ਪਹੁੰਚ ਮਾਪਦੰਡ ਇਹ ਹਨ:

- ਤੁਹਾਡੀ ਉਮਰ 42 ਸਾਲ ਜਾਂ ਇਸ ਤੋਂ ਘੱਟ ਹੋਣੀ ਚਾਹੀਦੀ ਹੈ, ਜੇਕਰ ਤੁਸੀਂ ਆਪਣੇ ਖੁਦ ਦੇ ਅੰਡੇ ਵਰਤ ਰਹੇ ਹੋ, ਜਾਂ 51 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ ਜੇਕਰ ਤੁਸੀਂ ਦਾਨ ਕੀਤੇ ਅੰਡੇ ਵਰਤਨਾ ਚਾਹੁੰਦੇ ਹੋ (ਇੱਕਤਰ ਕਰਨ ਸਮੇਂ ਅੰਡੇ ਦਾਨ ਕਰਨ ਵਾਲੇ ਵਿਅਕਤੀ ਦੀ ਉਮਰ 42 ਸਾਲ ਜਾਂ ਇਸ ਤੋਂ ਘੱਟ ਹੋਣੀ ਚਾਹੀਦੀ ਹੈ)।
- ਹਰ ਵਿਅਕਤੀ ਲਈ ਸਾਰੀ ਉਮਰ ਵਿੱਚ ਵੱਧ ਤੋਂ ਵੱਧ 2 ਵਾਰ ਇਲਾਜ ਹੋ ਸਕਦਾ ਹੈ। ਇਸਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਜੋ ਵਿਕਟੋਰੀਆ ਵਾਸੀ ਬਾਂਝਪਨ ਦਾ ਅਨੁਭਵ ਕਰ ਰਹੇ ਹਨ, ਉਹਨਾਂ ਨੂੰ ਪਰਿਵਾਰ ਬਣਾਉਣ ਦਾ ਇੱਕ ਵਾਜਬ ਮੌਕਾ ਮਿਲੇ।

ਕਲੀਨਿਕਲ ਮਾਪਦੰਡ ਵਿਕਟੋਰੀਆ ਵਾਸੀਆਂ ਨੂੰ Public Fertility Care ਤੱਕ ਨਿਰਪੱਖ ਅਤੇ ਇੱਕਬਰਾਬਰ ਪਹੁੰਚ ਪ੍ਰਦਾਨ ਕਰਨ ਲਈ ਤਿਆਰ ਕੀਤੇ ਗਏ ਹਨ। ਇਹ ਮਾਪਦੰਡ ਖੋਜ ਅਤੇ ਸਰਵੋਤਮ ਕਲੀਨਿਕਲ ਅਭਿਆਸ 'ਤੇ ਆਧਾਰਿਤ ਹਨ।

## ਲਾਗਤ

ਇਲਾਜ ਮੁਫ਼ਤ ਹੋਵੇਗਾ, ਪਰ ਜੇ ਲੋੜ ਪਈ ਤਾਂ ਦਵਾਈਆਂ ਅਤੇ ਮਾਹਰ ਟੈਸਟਾਂ ਲਈ, ਜਿਵੇਂ ਕਿ ਡਾਇਗਨੌਸਟਿਕਸ ਟੈਸਟਾਂ ਲਈ ਤੁਹਾਨੂੰ ਕੁੱਝ ਖ਼ਰਚਾ ਖੁਦ ਭਰਨਾ ਪੈ ਸਕਦਾ ਹੈ।

## ਇਸ ਤੱਕ ਪਹੁੰਚ ਕਿਵੇਂ ਪ੍ਰਾਪਤ ਕਰੀਏ?

ਜੇਕਰ ਤੁਸੀਂ Public Fertility Care ਵਿੱਚ ਰੁਚੀ ਰੱਖਦੇ ਹੋ ਤਾਂ ਆਪਣੇ GP ਜਾਂ ਸੰਬੰਧਿਤ ਮਾਹਰ ਨਾਲ ਰੈਫ਼ਰਲ ਲੈਣ ਲਈ ਗੱਲ ਕਰੋ। ਜੇਕਰ ਤੁਸੀਂ ਯੋਗ ਹੋ, ਤਾਂ ਤੁਹਾਨੂੰ ਭਾਗ ਲੈਣ ਵਾਲੀਆਂ ਸਿਹਤ ਸੇਵਾਵਾਂ ਵਿੱਚੋਂ ਕਿਸੇ ਇੱਕ 'ਤੇ ਜਣਨ ਮਾਹਰ ਕੋਲ ਭੇਜਿਆ ਜਾਵੇਗਾ।

## ਸੇਵਾਵਾਂ ਦੀਆਂ ਕਿਸਮਾਂ

Public Fertility Care ਸੇਵਾਵਾਂ ਵਿੱਚ ਸ਼ਾਮਲ ਹਨ:

- ਇੰਟਰਾ-ਯੁਟਰੀਨ ਇੰਸੈਮੀਨੇਸ਼ਨ, IVF ਅਤੇ ਇੰਟਰਾ-ਸਾਈਟੋਪਲਾਜ਼ਮਿਕ ਸਪਰਮ ਇੰਜੈਕਸ਼ਨ (ICSI) ਇਲਾਜ ਚੱਕਰ
- IVF ਜਾਂ ICSI ਇਲਾਜ ਤੋਂ ਪਹਿਲਾਂ ਘੱਟ ਚੀਰ-ਫਾੜ੍ਹ ਕਰਨ ਵਾਲਾ ਜਣਨ ਇਲਾਜ
- ਇਲਾਜ ਤੋਂ ਪਹਿਲਾਂ ਦੀ ਜਾਂਚ, ਕੌਂਸਲਿੰਗ ਅਤੇ ਜਣਨ ਜਾਣਕਾਰੀ
- ਦਾਨੀ ਸੇਵਾਵਾਂ, ਜੋ ਕਿ ਆਸਟ੍ਰੇਲੀਆ ਦੇ ਪਹਿਲੇ ਪਬਲਿਕ ਅੰਡੇ ਅਤੇ ਸ਼ੁਕਰਾਣੂ ਬੈਂਕ ਦੀ ਸਥਾਪਨਾ ਦੁਆਰਾ ਸਮਰਥਿਤ ਹਨ
- ਪਰਉਪਕਾਰੀ ਸਰੋਗੇਸੀ ਸਹਾਇਤਾ
- ਜਣਨ ਸੰਭਾਲ ਜਿੱਥੇ ਡਾਕਟਰੀ ਇਲਾਜ ਜਣਨ-ਸ਼ਕਤੀ ਨੂੰ ਪ੍ਰਭਾਵਿਤ ਕਰ ਸਕਦਾ ਹੋਵੇ, ਜਿਸ ਵਿੱਚ ਕੈਂਸਰ ਦਾ ਇਲਾਜ ਅਤੇ ਲਿੰਗ ਬਦਲੀਕਰਨ ਦਾ ਇਲਾਜ ਸ਼ਾਮਲ ਹੈ
- ਉਨ੍ਹਾਂ ਲੋਕਾਂ ਲਈ ਜੈਨੇਟਿਕ ਜਾਂਚ, ਜੋ ਗੰਭੀਰ ਡਾਕਟਰੀ ਸਮੱਸਿਆਵਾਂ ਦੇ ਜਾਣੇ-ਪਛਾਣੇ ਵਾਹਕ ਹਨ।

ਰੌਇਲ ਵੁਮੈਨਜ਼ ਹਸਪਤਾਲ ਰਾਜ ਭਰ ਦੀਆਂ ਹੈਲਥ ਸੇਵਾਵਾਂ ਨਾਲ ਸਾਂਝੇਦਾਰੀ ਕਰ ਰਿਹਾ ਹੈ ਤਾਂ ਜੋ ਵਿਕਟੋਰੀਆ ਵਾਸੀਆਂ ਨੂੰ ਉਨ੍ਹਾਂ ਦੇ ਘਰ ਦੇ ਨੇੜੇ ਹੀ ਵੱਖ-ਵੱਖ ਜਣਨ ਦੇਖਭਾਲ ਸੇਵਾਵਾਂ (ਜਿਵੇਂ ਕਿ ਜਣਨ ਸਲਾਹ, ਡਾਇਗਨੌਸਟਿਕ ਟੈਸਟ, ਅਤੇ ਅਲਟਰਾਸਾਊਂਡ) ਉਪਲਬਧ ਕਰਵਾਈਆਂ ਜਾ ਸਕਣ। ਵੱਖ-ਵੱਖ ਹੈਲਥ ਸੇਵਾਵਾਂ ਵਿੱਚ ਵੱਖ-ਵੱਖ ਸੇਵਾਵਾਂ ਉਪਲਬਧ ਹੋ ਸਕਦੀਆਂ ਹਨ, ਅਤੇ ਅਤੇ ਜਿੱਥੇ ਢੁਕਵਾਂ ਹੋਵੇ ਮਰੀਜ਼ਾਂ ਨੂੰ ਟੈਲੀਹੈਲਥ ਦੁਆਰਾ ਸਹਾਇਤਾ ਦਿੱਤੀ ਜਾਂਦੀ ਹੈ।

ਤੁਹਾਡੇ ਨੇੜੇ ਕਿਹੜੀਆਂ ਹੈਲਥ ਸੇਵਾਵਾਂ ਉਪਲਬਧ ਹਨ, ਇਹ ਜਾਣਨ ਲਈ ਸੇਵਾ ਪ੍ਰਦਾਤਾ ਦੀ ਵੈੱਬਸਾਈਟ 'ਤੇ ਜਾਓ:

- ਰੌਇਲ ਵੁਮੈਨਜ਼ ਹਸਪਤਾਲ
- ਮੋਨਾਸ਼ ਹੈਲਥ
- ਮਰਸੀ ਹੈਲਥ
- ਨੌਰਦਰਨ ਹੈਲਥ - ਐਪਿੰਗ ਹਸਪਤਾਲ
- ਮਿਲਡੂਰਾ ਬੇਸ ਪਬਲਿਕ ਹਸਪਤਾਲ
- ਬੈਂਡੀਗੋ ਹੈਲਥ
- ਸਾਊਥ-ਵੈਸਟ ਹੈਲਥਕੇਅਰ - ਵਾਰਨਾਮਬੂਲ
- ਬਾਰਵਨ ਹੈਲਥ - ਜੀਲੌਂਗ
- ਗੌਲਬਰਨ ਵੈਲੀ ਹੈਲਥ - ਸ਼ੈਪਰਟਨ
- ਗ੍ਰੈਂਪੀਆਨਜ਼ ਹੈਲਥ - ਬੈਲਾਰੈਟ
- ਵੈਸਟਰਨ ਹੈਲਥ - ਸਨਸ਼ਾਈਨ